**ਗੁਰਪੁਰਬ ਵਿਸ਼ੇਸ਼**



# ਧਰਮ ਤੇ ਮਨੁੱਖਤਾ ਦੀ ਅਜ਼ਾਦੀ ਦੇ ਰਹਿਬਰ: ਗੁਰੂ ਗੋਬਿੰਦ ਸਿੰਘ ਜੀ

**ਜੱਥੇ. ਅਵਤਾਰ ਸਿੰਘ**
*ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ*

ਮਨੁੱਖਤਾ ਦੇ ਆਦਿ ਕਾਲ ਤੋਂ ਲੈ ਕੇ ਅੱਜ ਤੱਕ ਹਰ ਯੁੱਗ ਵਿੱਚ ਸਮੇਂ-ਸਮੇਂ ਅਜਿਹੇ ਮਹਾਨ ਮਨੁੱਖ ਜਨਮ ਲੈਂਦੇ ਹਨ ਜਿਨ੍ਹਾਂ ਦੇ ਕੀਤੇ ਮਹਾਨ ਕਰਤੱਵਾਂ ਤੇ ਕੁਰਬਾਨੀਆਂ ਸਦਕਾ ਵਿਸ਼ਵ ਵਿੱਚ ਉਨ੍ਹਾਂ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਕਿਸੇ ਨੇ ਤਲਵਾਰ ਦੇ ਜੌਹਰ ਦਿਖਾਏ ਤੇ ਕਿਸੇ ਨੇ ਦਾਰਸ਼ਨਿਕਾਂ ਦੇ ਦੀਪ ਜਲਾਏ ਕੋਈ ਹੰਕਾਰੀ ਬਣ ਕੇ ਰੱਬ ਦੀ ਤਾਕਤ ਨਾਲ ਟਕਰਾਇਆ, ਕੋਈ ਨਿਰੋਲ ਭਿਖਾਰੀ ਬਣ ਕੇ ਮਾਨਵਤਾ ਤੋਂ ਦੂਰ ਜੰਗਲੀ ਧਾਇਆ, ਕੋਈ ਜ਼ਾਲਮ ਰਿਹਾ, ਕੋਈ ਆਲਮ, ਕੋਈ ਭਗਤੀ ਦਾ ਆਸ਼ਕ ਰਿਹਾ, ਕੋਈ ਸ਼ਕਤੀ ਦਾ ਉਪਾਸ਼ਕ ਰਿਹਾ। ਪਰ ਸਾਡੀਆਂ ਪਾਰਖੂ ਅੱਖਾਂ ਦੇ ਸਾਹਮਣੇ ਇਕ ਅਜਿਹੇ ਸਰਬ ਪੱਖੀ ਨਾਇਕ ਤੇ ਮਜ਼ਲੂਮਾਂ ਦੇ ਸਹਾਇਕ ਦੀ ਸ਼ਖ਼ਸੀਅਤ ਵੀ ਉਤਰਦੀ ਹੈ ਜਿਸ ਨੇ ਆਪਣਾ ਸਭ ਕੁਝ ਵਾਰ ਕੇ ਵੀ ਕਿਹਾ—

*ਜਾਨ ਭੀ, ਦੀ ਹੁਈ ਉਸੀ ਕੀ ਥੀ।*
*ਹਕ ਤੋ ਯੂੰ ਹੈ ਕਿ ਹਕ ਅਦਾ ਨਾ ਹੁਆ।*

ਆਪਣੀ ਕਥਾ ਬਖਾਨਣ ਵਾਲੇ, ਮਰਦ ਅਗੰਮੜੇ ਪੁਰਖ ਭਗਵੰਤ ਸ਼ਹੀਦ ਪਿਤਾ ਦੇ ਪੁੱਤਰ, ਸ਼ਹੀਦ ਪੁੱਤਰਾਂ ਦੇ ਪਿਤਾ ਨੇ 22 ਦਸੰਬਰ 1666 ਈ: ਨੂੰ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਦੇ ਘਰ ਪਟਨਾ ਵਿਖੇ ਭਵ ਲਿਆ।

***ਤਹੀ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥***
*(ਬਚਿੱਤਰ ਨਾਟਕ ਅਧਿਆਇ 7)*



ਧਰਮ ਤੇ ਮਨੁੱਖਤਾ ਦੀ ਰੱਖਿਆ ਹਿੱਤ ਹੀ ਉਨ੍ਹਾਂ ਨੇ ਆਪਣੇ ਪਿਤਾ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ, ਮਾਤਾ ਗੁਜਰੀ ਤੇ ਚਾਰੇ ਸਪੁੱਤਰਾਂ ਤੇ ਸੰਪੂਰਨ ਵੰਸ਼ ਨੂੰ ਕੁਰਬਾਨ ਕਰ ਦਿੱਤਾ। ਅੰਤ 'ਚ ਆਪਣੇ ਪ੍ਰਾਣਾਂ ਦੀ ਆਹੂਤੀ ਵੀ ਇਸੇ ਯੱਗ ਲਈ ਦੇ ਦਿੱਤੀ। ਧਰਮ ਤੇ ਮਨੁੱਖਤਾ ਦਾ ਅਜਿਹਾ ਬੇਜੋੜ ਉਪਾਸ਼ਕ ਸਮੁੱਚੇ ਵਿਸ਼ਵ ਇਤਿਹਾਸ ਵਿੱਚ ਨਾ ਤਾਂ ਅੱਜ ਤੱਕ ਪੈਦਾ ਹੋਇਆ ਹੈ ਤੇ ਨਾ ਹੀ ਸ਼ਾਇਦ ਕਦੇ ਪੈਦਾ ਹੋਵੇਗਾ। ਧਰਮ ਤੇ ਮਾਨਵਤਾ ਦੀ ਰੱਖਿਆ ਲਈ ਹੀ 'ਅਕਾਲ ਪੁਰਖ' ਨੇ ਉਨ੍ਹਾਂ ਨੂੰ ਇਸ ਜਗਤ ਵਿੱਚ ਭੇਜਿਆ ਸੀ।

***ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥***
***ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥***
*(ਬਚਿਤਰ ਨਾਟਕ, ਅਧਿਆਇ 6)*

ਸਿੱਖ ਧਰਮ ਦੀਆਂ ਜੜ੍ਹਾਂ ਨੂੰ ਧੁਰ ਪਤਾਲ ਤੱਕ ਪਹੁੰਚਾਉਣ ਲਈ ਸਾਰੇ ਗੁਰੂ ਸਾਹਿਬਾਨ ਨੇ ਮਹਾਨ ਕਾਰਜ ਕੀਤੇ। ਜਿਸ ਧਰਮ ਨੂੰ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਕੀਤਾ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਕੀਤਾ। ਸਿੱਖ ਧਰਮ ਦੀਆਂ ਨੀਹਾਂ ਵਿੱਚ ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਮਹਾਨ ਸ਼ਹੀਦੀਆਂ ਦੀ ਰੱਤ ਪਾ ਕੇ ਇਸ ਨੂੰ ਮਜ਼ਬੂਤ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਪੈਰਾਂ ਹੇਠ ਲਿਤਾੜੀ ਜਾ ਰਹੀ ਮਨੁੱਖਤਾ ਦੀ ਰੱਖਿਆ ਕਰਨ ਦੀ ਉਸਾਰੀ ਅਰੰਭੀ ਜੋ ਪਹਿਲੇ ਗੁਰੂ ਸਾਹਿਬਾਨ ਨੇ ਸ਼ੁਰੂ ਕੀਤੀ ਸੀ। ਪਰ ਉਸ ਵੇਲੇ ਦੇ ਹਾਲਤ ਵੰਗਾਰ ਕੇ ਕਹਿ ਰਹੇ ਸਨ ਕਿ ਅੱਜ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵਾਂਗ ਬੀਰ ਰਸ ਦੀ ਡਾਢੀ ਲੋੜ ਹੈ। ਇਸ ਲਈ ਆਪ ਜੀ ਨੇ ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਂਗ ਤਿਆਰੀ ਅਰੰਭ ਕਰ ਦਿੱਤੀ। ਜਿਸ ਮਹੱਲ ਦੀਆਂ ਨੀਹਾਂ ਗੁਰੂ ਨਾਨਕ ਸਾਹਿਬ ਨੇ ਰੱਖੀਆਂ ਉਸ ਮਹੱਲ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਰੂਪ ਦੇ ਕੇ ਬਨੇਰਿਆਂ 'ਤੇ ਕਿੰਗਰੇ ਕੱਢ ਕੇ ਸਜਾਵਟ ਕੀਤੀ।

ਇਸ ਮਹਾਨ ਸ਼ਖ਼ਸੀਅਤ ਦੀ ਵਿਥਿਆ ਨੂੰ ਕਲਮਬੱਧ ਕਰਨਾ ਕੋਈ ਸੌਖਾ ਕਾਰਜ ਨਹੀਂ ਹੈ। ਜੇ ਇਹ ਕਹਿ ਦਿੱਤਾ ਜਾਵੇ ਕਿ ਜੋ ਲਿਖਿਆ ਗਿਆ ਹੈ ਅੰਤਿਮ ਸੱਚ ਹੈ ਤਾਂ ਇਹ ਅਸੰਭਵ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਹਰ ਪੱਖੋਂ ਮੁਕੰਮਲ ਤੇ ਆਦਰਸ਼ਕ ਸੀ। ਇਸ ਸੱਚਾਈ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਗੁਰੂ ਸਾਹਿਬ ਦਾ ਆਗਮਨ ਵਿਸ਼ਵ ਇਤਿਹਾਸ ਦੀ ਇਕ ਅਤਿ ਉੱਤਮ ਘਟਨਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ 33 ਸਾਲ ਪੰਥ ਦੀ ਅਗਵਾਈ ਕੀਤੀ। ਇੰਨੀ ਛੋਟੀ ਸੰਸਾਰਕ ਯਾਤਰਾ ਦੌਰਾਨ ਹੀ ਪ੍ਰਮਾਤਮਾ ਵੱਲੋਂ ਸੌਂਪੇ ਕਾਰਜ ਨੂੰ ਕਰ ਦਿਖਾਇਆ। ਕੇਵਲ 9 ਸਾਲ ਦੀ ਉਮਰ ਵਿੱਚ ਆਪਣੇ ਪਿਤਾ ਨੂੰ ਦੂਜਿਆਂ ਦਾ ਧਰਮ ਬਚਾਉਣ ਲਈ ਬਲੀਦਾਨ ਦੇਣ ਦੀ ਸਲਾਹ ਦੇਣੀ ਤੇ 33 ਸਾਲ ਦੀ ਉਮਰ ਵਿੱਚ ਖਾਲਸਾ ਪੰਥ ਦੀ ਸਾਜਨਾ ਕਰਨਾ, 42 ਸਾਲ ਦੀ ਉਮਰ ਵਿੱਚ ਅਨੇਕਾਂ ਧਰਮ ਯੁੱਧ, ਕਰਤੱਵ ਕੌਤਕ ਤੇ ਬਖ਼ਸ਼ਿਸ਼ਾਂ ਕਰ ਮੁਰਦਾ ਹੋ ਚੁੱਕੀ ਹਿੰਦ ਦੀ ਕੌਮ ਵਿੱਚ ਨਵੀਂ ਰੂਹ ਫੂਕ ਦੇਣੀ, ਨਵੀਂ ਜਾਗ੍ਰਿਤੀ ਪੈਦਾ ਕਰਨੀ, ਨੀਵੀਆਂ ਜਾਤਾਂ ਵਿੱਚ ਯੋਧੇ ਪੈਦਾ ਕਰਨਾ, ਪਠਾਣਾਂ, ਔਰੰਗਜ਼ੇਬ ਦੇ ਵਿਸ਼ਾਲ ਰਾਜ ਨਾਲ ਟੱਕਰ ਲੈਣਾ, ਕਲਗੀਧਰ ਦਸਮੇਸ਼ ਪਿਤਾ ਦਾ ਹੀ ਕੰਮ ਸੀ। ਸਮਾਜ ਦੇ ਦੱਬੇ ਕੁਚਲੇ ਵਰਗ ਦੇ ਲੋਕਾਂ ਦੀ ਸਾਰ ਲਈ ਤੇ ਉਨ੍ਹਾਂ ਨੂੰ ਸੀਨੇ ਨਾਲ ਲਾ ਲਿਆ ਤੇ ਸਾਰੀਆਂ ਪ੍ਰਾਪਤੀਆਂ ਦਾ

ਸਿਹਰਾ ਗਰੀਬ ਸਿੱਖਾਂ ਦੇ ਸਿਰ ਬੰਨਿਆ ਤੇ ਕਿਹਾ—

***ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ।***
***ਨਹੀਂ ਮੋ ਸੇ ਗਰੀਬ ਕਰੋਰ ਪਰੇ॥*** *(ਕੇਸੋਦਾਸ ਪ੍ਰਬੋਧ)*

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਸਭ ਤੋਂ ਮਹਾਨ ਘਟਨਾ 1699 ਈ: ਵਿੱਚ ਖ਼ਾਲਸੇ ਦੀ ਸਾਜਨਾ ਸੀ ਜਿਸ ਨੇ ਸਿੱਖਾਂ ਅੰਦਰ ਏਕਤਾ, ਕੁਰਬਾਨੀ, ਦਲੇਰੀ ਤੇ ਜ਼ੁਲਮ ਵਿਰੁੱਧ ਡਟਣ ਦੀ ਭਾਵਨਾ ਪੈਦਾ ਕੀਤੀ। ਉਨ੍ਹਾਂ ਨੇ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਏਕਤਾ ਦੇ ਸੂਤਰ ਵਿੱਚ ਪਰੋ ਲੈਣ ਦਾ ਅਦੁੱਤੀ ਤੇ ਮਹਾਨ ਕਾਰਜ ਕੀਤਾ। ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਿਰਜਨਾ ਕਰਨ ਸਮੇਂ ਉਨ੍ਹਾਂ ਨੇ ਪੰਜ ਪਿਆਰਿਆਂ ਵਿੱਚ ਭਿੰਨ-ਭਿੰਨ ਜਾਤਾਂ ਨੂੰ ਇਥੋਂ ਤੱਕ ਕਿ ਅਖੌਤੀ ਸ਼ੂਦਰ ਲੋਕਾਂ ਨੂੰ ਵੀ ਸ਼ਾਮਿਲ ਕੀਤਾ। ਸਦੀਆਂ ਤੋਂ ਮਾਰ ਖਾਂਦੀ ਜ਼ੁਲਮ ਸਹਿੰਦੀ ਆ ਰਹੀ ਹਿੰਦੂ ਕੌਮ ਦੀ ਹਮਦਰਦੀ ਤੇ ਹਿਫਾਜ਼ਤ ਲਈ ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਜ਼ੁਲਮਾਂ ਤੇ ਜ਼ਾਲਮਾਂ ਨੂੰ ਰੋਕਣ ਲਈ ਲੱਕ ਬੰਨ ਲਿਆ। ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀਆਂ ਦਾ ਮੁੱਖ ਕਾਰਜ ਗੁਰੂ ਨਾਨਕ ਸਾਹਿਬ ਦੇ ਸੌਂਪੇ ਹੋਏ ਕਾਰਜ ਨੂੰ ਅੱਗੇ ਤੋਰਨਾ ਸੀ। ਉਸ ਕਾਰਜ ਨੂੰ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਉਤਸ਼ਾਹ ਨਾਲ ਚਲਾਇਆ ਉਥੇ ***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ*** ਦਾ ਸਿਧਾਂਤ ਦੇ ਕੇ ਇਕ ਨਿਯਮ ਬੱਧ ਬਾਹਰੀ ਰੂਪ ਦਿੰਦਿਆਂ ਸਿੰਘ ਸਜਾ ਕੇ ਸਮੇਂ ਅਨੁਸਾਰ ਨਵਾਂ ਰੂਪ ਦਿੱਤਾ।

***ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ*** ਦੇ ਸਿਧਾਂਤ ਨੂੰ ਅਮਲ ਵਿੱਚ ਲਿਆ ਕੇ ਨਾਈ, ਛੀਬੇ, ਖੱਤਰੀ, ਜੱਟ ਤੇ ਬ੍ਰਾਹਮਣ ਭਾਵ ਪੰਜਾਂ ਪਿਆਰਿਆਂ ਨੂੰ ਇਕੋ ਹੀ ਬਾਟੇ ਤੋਂ ਅੰਮ੍ਰਿਤ ਛਕਾ ਕੇ ਊਚ ਨੀਚ ਤੇ ਇਲਾਕਿਆਂ ਦਾ ਭੇਦ ਭਾਵ ਮਿਟਾ ਕੇ ਲਿਤਾੜੀ ਤੇ ਨਿਮਾਣੀ ਕੌਮ ਦੇ ਲੋਕਾਂ ਵਿੱਚ ਅਜਿਹੀ ਸ਼ਕਤੀ ਦਾ ਸੰਚਾਰ ਕੀਤਾ ਕਿ ਉਹ ਗਿੱਦੜਾਂ ਤੋਂ ਸ਼ੇਰ ਬਣ ਸਵਾ ਸਵਾ ਲੱਖ ਅਤਿਆਚਾਰੀਆਂ ਨਾਲ ਟੱਕਰ ਲੈਣ ਦੇ ਸਮਰੱਥ ਬਣ ਗਏ। ਉਨ੍ਹਾਂ ਨੇ ਏਕਤਾ, ਸਮਾਨਤਾ ਤੇ ਨਿਆ ਦਾ ਝੰਡਾ ਬੁਲੰਦ ਰੱਖਣ ਲਈ ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਲਈ, ਉਨ੍ਹਾਂ ਨੂੰ ਜਿਹੜੀ ਕੀਮਤ ਅਦਾ ਕਰਨੀ ਪਈ ਉਹ ਕੀਤੀ। ਜਿਨ੍ਹਾਂ ਨੇ ਅੰਮ੍ਰਿਤ ਦੀ ਘੁੱਟ ਪੀਤੀ ਉਹ ਸ਼ੇਰ ਬਣ ਗਏ। ਜਿਨ੍ਹਾਂ ਨੇ ਉਨ੍ਹਾਂ ਦੀ ਪੈਰਵੀ ਕੀਤੀ ਉਹ ਦਲੇਰ ਬਣ ਗਏ। ਮੁਰਦਿਆਂ ਵਿੱਚ ਜਾਨ ਪਾ ਦਿੱਤੀ। ਚਿੜੀਆਂ ਤੋਂ ਬਾਜ ਲੜਾਉਣ ਦੀ ਪ੍ਰਤਿਗਿਆ ਕੀਤੀ।

*ਚਿੜੀਓਂ ਸੇ ਮੈਂ ਬਾਜ ਲੜਾਊਂ*
*ਤਬੀ ਗੋਬਿੰਦ ਸਿੰਘ ਨਾਮ ਕਹਾਊਂ॥*

ਅੰਮ੍ਰਿਤ ਛਕਾਉਣ ਦਾ ਮੁੱਖ ਉਦੇਸ਼ ਵਿਅਕਤੀ ਨੂੰ ਨਿਰਭੈ ਤੇ ਨਿਡਰ ਬਣਾਉਣ ਦਾ ਸੀ ਤਾਂ ਕਿ ਉਹ ਭੈ-ਮੁਕਤ ਹੋ ਕੇ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਸੰਘਰਸ਼ ਕਰਨ। ਕਿਸੇ ਤੋਂ ਡਰਨਾ ਵੀ ਪਾਪ ਹੈ ਤੇ ਕਿਸੇ ਨੂੰ ਡਰਾਉਣਾ ਵੀ ਪਾਪ ਹੈ। ਦਸਮ ਪਿਤਾ ਦੇ ਸਨਮੁੱਖ ਨੌਵੇਂ ਪਾਤਸ਼ਾਹ ਦਾ ਇਹ ਸੰਦੇਸ਼ ਸੀ—

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*** (ਪੰਨਾ 1427)

ਦਸਮੇਸ਼ ਪਿਤਾ ਨੇ ਖ਼ਾਲਸਾ ਪੰਥ ਦੀ ਸ਼ਕਤੀ ਦੇ ਸਹਾਰੇ ਸ਼ਕਤੀਸ਼ਾਲੀ ਅਤਿਆਚਾਰੀ ਤੇ ਅਨਿਆਈ ਮੁਗਲ ਸ਼ਾਸਨ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਇਥੇ ਹੀ ਬੱਸ ਨਹੀਂ ਸਗੋਂ ਆਪ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਉਨ੍ਹਾਂ ਦੇ ਚੇਲੇ ਬਣ ਗਏ। ਸੰਸਾਰ ਦੇ ਕਿਸੇ ਪੀਰ ਪੈਗੰਬਰ ਨੇ ਆਪਣੇ ਪੈਰੋਕਾਰਾਂ ਨੂੰ ਚੇਲੇ ਜਾਂ ਸਿਸ਼ ਤੋਂ ਵਧੇਰੇ ਮਹਾਨਤਾ ਨਹੀਂ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਆਪ ਖ਼ਾਲਸਾ ਬਣਿਆਂ ਤੇ ਖ਼ਾਲਸੇ ਨੂੰ ਗੁਰੂ ਗੋਬਿੰਦ ਸਿੰਘ ਬਣਾਇਆ। ਇਹ ਗੁਰੂ ਚੇਲੇ ਦਾ ਕੌਤਕ ਵਾਹ ਵਾਹ ਦੇ ਯੋਗ ਸੀ।

***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***

ਪ੍ਰੋ. ਪਿਆਰਾ ਸਿੰਘ ਪਦਮ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਇਸ ਲਈ ਵਾਹ ਵਾਹ ਨਹੀਂ ਕਿ ਉਹ ਆਪਣੇ ਚੇਲਿਆਂ ਨੂੰ ਬਹਿਸ਼ਤਾਂ ਦੇ ਪਟੇ ਲਿਖ ਕੇ ਦੇ ਗਿਆ ਤੇ ਨਾ ਹੀ ਕਲਗੀ ਵਾਲੇ ਦੀ ਵਾਹ ਵਾਹ ਇਸ ਲਈ ਕਿ ਉਸ ਆਪਣੀ ਉਮੱਤ ਦੀ ਖੁਦਾ ਪਾਸ ਸਿਫ਼ਾਰਸ਼ ਕਰਨ ਦਾ ਜ਼ਿੰਮਾ ਲਿਆ ਹੈ। ਗੁਰੂ ਗੋਬਿੰਦ ਸਿੰਘ ਤਾਂ ਇਸ ਲਈ ਵਾਹ ਵਾਹ ਦੇ ਯੋਗ ਹੋਇਆ ਕਿਉਂਕਿ ਉਸ ਕੀਟਾਂ ਨੂੰ ਸਿੰਘਾਸਨ 'ਤੇ ਬਿਠਾਇਆ ਤੇ ਮੈਲੇ ਕੁਚੈਲੇ ਡਿੱਗਿਆਂ ਢੱਠਿਆਂ ਨੂੰ ਗੁਰੂ ਗੋਬਿੰਦ ਸਿੰਘ ਬਣਾਇਆ। ਮਨੁੱਖ ਦੀ ਅੰਦਰਲੀ ਜੋਤ ਨੂੰ ਜਗਾ ਕੇ ਅੰਧਕਾਰੀ ਸੰਸਾਰ ਨੂੰ ਜਗਮਗਾ ਦੇਣਾ ਉਸ ਦੀ ਮਹਾਨ ਕਰਾਮਾਤ ਸੀ।

*ਬਚਿਤ੍ਰ ਨਾਟਕ* ਵਿੱਚ ਆਪਣੇ ਜੀਵਨ ਦੇ ਮੂਲ ਉਦੇਸ਼ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਥਾਵਾਂ 'ਤੇ ਸੰਕੇਤ ਦਿੱਤੇ ਹਨ। ਉਨ੍ਹਾਂ ਦੇ ਜੀਵਨ ਦਾ ਮੁੱਖ ਉਦੇਸ਼ ਦੁਸ਼ਟਾਂ ਦਾ ਨਾਸ਼ ਕਰਨਾ ਸੀ, ਸੰਤਾਂ ਨੂੰ ਉਬਾਰਨਾ ਹੀ ਸੱਚਾ ਲਕਸ਼ ਸਮਝ ਕੇ ਉਨ੍ਹਾਂ ਨੇ ਤਲਵਾਰ ਚੁੱਕੀ ਸੀ। ਉਨ੍ਹਾਂ ਨੇ ਆਪਣੇ ਕਲਿਆਣਕਾਰੀ ਉਦੇਸ਼ ਤੇ ਸ਼ੁਭ ਆਗਮਨ ਦਾ ਸਪੱਸ਼ਟੀਕਰਣ ਲਿਖਿਆ ਹੈ—

***ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥***
*(ਬਚਿਤ੍ਰ ਨਾਟਕ, ਅਧਿਆਇ 6)*

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਆਖਿਆ ਬਲਕਿ ਪੂਰਨ ਮਨੁੱਖ ਬਣਨ ਵਿੱਚ ਖੁਸ਼ੀ ਪ੍ਰਗਟ ਕੀਤੀ ਤੇ ਰੱਬ ਦਾ ਦਾਸ ਆਖ ਕੇ ਮਨੁੱਖਤਾ ਨੂੰ ਉਪਦੇਸ਼ ਦਿੱਤਾ। ਮੈਕਾਲਿਫ਼ ਅਨੁਸਾਰ, 'ਗੁਰੂ ਗੋਬਿੰਦ ਸਿੰਘ ਵਿੱਚ ਇਕ ਜਾਦੂ ਵਰਗੀ ਤਾਕਤ ਸੀ। ਉਨ੍ਹਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ। ਉਨ੍ਹਾਂ ਨੇ ਡਿੱਗੇ ਤੇ ਲਿਤਾੜੇ ਹੋਏ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।'

ਆਪਣੇ ਉਦੇਸ਼ ਬਾਰੇ ਗੁਰੂ ਜੀ ਕਹਿੰਦੇ ਕਿ ਉਹ ਉਹੀ ਕੁਝ ਕਹਿ ਕਰ ਰਹੇ ਹਨ ਜੋ ਅਕਾਲ ਪੁਰਖ ਨੇ ਆਦੇਸ਼ ਦਿੱਤਾ ਹੈ। ਉਨ੍ਹਾਂ ਦਾ ਉਦੇਸ਼ ਜਾਂ ਨਿਸ਼ਾਨਾ ਨਿੱਜੀ ਗਰਜ ਜਾਂ ਵੈਰ ਦੀ ਭਾਵਨਾ ਨਹੀਂ ਬਲਕਿ ਦੱਸੇ ਉਪਦੇਸ਼ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ ਚੁੱਪ ਨਹੀਂ ਰਹਿ ਸਕਦੇ।

***ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੌਂ ਜਗ ਮਾਹਿ॥***
*(ਬਚਿੱਤ੍ਰ ਨਾਟਕ, ਅਧਿਆਇ 6)*

ਆਪ ਨੇ ਸਮੇਂ ਦੀਆਂ ਵੰਗਾਰਾਂ ਨੂੰ ਪ੍ਰਵਾਨ ਕਰਦਿਆਂ ਆਪਣੀ ਸਮੁੱਚੀ ਜ਼ਿੰਦਗੀ ਹੀ ਦੇਸ਼ ਕੌਮ ਤੇ ਪੰਥ ਦੇ ਲੇਖੇ ਲਾ ਦਿੱਤੀ। ਆਪਣਾ ਸਾਰਾ ਵੰਸ਼ ਹੀ ਵਾਰ ਦਿੱਤਾ। ਗੁਰੂ ਜੀ ਨੇ ਆਪਣਾ ਆਪ ਪੰਥ ਵਿੱਚ ਸਮੋ ਦਿੱਤਾ ਤੇ ਪੰਥ ਨਾਲ ਇਕਮਿਕ ਹੋ ਗਏ—

***ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੇ ਹਉ ਕਰਉ ਨਿਵਾਸ॥***
*(ਸਰਬ ਲੋਹ ਗ੍ਰੰਥ, ਪੰਨਾ 667)*

ਕਲਗੀਧਰ ਪਿਤਾ ਨੇ ਆਪਣੇ ਚਾਰੇ ਪੁੱਤਰ ਧਰਮ ਦੀ ਰੱਖਿਆ ਲਈ ਸ਼ਹੀਦ ਕਰਵਾ ਦਿੱਤੇ। ਵੱਡੇ ਸਾਹਿਬਜ਼ਾਦੇ ਚਮਕੌਰ ਦੇ ਯੁੱਧ ਵਿੱਚ ਸ਼ਹੀਦ ਹੋਏ ਤੇ ਛੋਟੇ ਸਰਹੰਦ ਦੀ ਦੀਵਾਰ ਵਿੱਚ ਚਿਣਵਾ ਦਿੱਤੇ ਗਏ। ਆਪ ਕਥਨੀ ਤੇ ਕਰਨੀ ਦੇ ਪੂਰੇ ਸਨ। ਉਨ੍ਹਾਂ ਨੇ ਕੇਵਲ ਜੰਗ ਵਿੱਚ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਬਲਕਿ ਸਾਹਿਬਜ਼ਾਦਿਆਂ ਤੇ ਪਿਤਾ ਦੀ ਸ਼ਹੀਦੀ ਦੇ ਕੇ ਸਰਬੰਸਦਾਨੀ ਦਾ ਰੁਤਬਾ ਪ੍ਰਾਪਤ ਕੀਤਾ ਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿੱਚ ਵਿਆਕੁਲ ਹੋ ਕੇ ਪ੍ਰਸ਼ਨ ਕੀਤਾ ਕਿ ਮੇਰੇ ਲਾਲ ਕਿੱਥੇ ਹਨ? ਆਪ ਨੇ ਜੋ ਬੇਮਿਸਾਲ ਉੱਤਰ ਦਿੱਤਾ ਇਹੋ ਜਿਹਾ ਉੱਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। ਖ਼ਾਲਸਾ ਪੰਥ ਵੱਲ ਸੰਕੇਤ

ਕਰਦਿਆਂ ਗੁਰੂ ਜੀ ਨੇ ਖਿੜ੍ਹੇ ਮੱਥੇ ਹੱਸ ਕੇ ਕਿਹਾ—

***ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥***
***ਚਾਰ ਮੂਏ ਤੋ ਕਿਆ ਹੂਯਾ ਜੀਵਤ ਕਈ ਹਜ਼ਾਰ॥***

ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਅਨ੍ਹਿਆਂ, ਅਤਿਆਚਾਰ ਤੇ ਅਮਾਨਵੀ ਕੰਮਾਂ ਦੇ ਖਿਲਾਫ਼ ਸੀ। ਉਨ੍ਹਾਂ ਦਾ ਉਦੇਸ਼ ਗੁਰੂ ਨਾਨਕ ਦੇ ਸੱਚੇ ਧਰਮ ਦਾ ਵਿਸਥਾਰ ਕਰਨਾ ਸੀ। ਗੁਰੂ ਸਾਹਿਬ ਨੇ ਆਪਣੇ ਸਿੱਖ ਪੰਥ ਦੀ ਰੱਖਿਆ ਲਈ ਅਰਦਾਸ ਕਰਦੇ ਹੋਏ ਪ੍ਰਮਾਤਮਾ ਤੇ ਸਿੱਖ ਵਿਰੋਧੀ ਦੁਸ਼ਟਾਂ ਤੇ ਮਲੇਛ ਦੇ ਨਾਸ਼ ਦੀ ਮੰਗ ਕੀਤੀ ਹੈ—

***ਦੁਸ਼ਟ ਜਿਤੇ ਉਠੁਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥***

*(ਚਰਿਤ੍ਰ 405)*

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੇ ਅਨੰਦਮਈ ਦਿਨ ਵੀ ਦੇਖੇ। ਪਾਉਂਟੇ ਦੀ ਧਰਤੀ ਤੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਕਟੀਆਂ, ਉਨੀਂਦਰੇ ਵੀ ਹੋਏ, ਨੰਗੇ ਪੈਰੀਂ ਕੰਡਿਆਂ ਉਪਰ ਮਾਛੀਵਾੜੇ ਦੇ ਜੰਗਲਾਂ ਵਿੱਚ ਸਫ਼ਰ ਵੀ ਕੀਤੇ, ਲੜਾਈਆਂ ਵੀ ਲੜੀਆਂ। ਇਥੋਂ ਤੱਕ ਕਿ ਮਾਤਾ-ਪਿਤਾ ਤੇ ਪੁੱਤਰ ਵੀ ਵਾਰੇ। ਪਰ ਫਿਰ ਵੀ ਕੋਈ ਸ਼ਿਕਵਾ, ਸ਼ਿਕਾਇਤ ਨਹੀਂ ਕੀਤੀ ਬਸ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ। ਅਨੇਕ ਮੁਸ਼ਕਲਾਂ ਝੱਲਣ ਦੇ ਬਾਵਜੂਦ ਇਸ ਦਸਮੇਸ਼ ਪਿਤਾ ਵਿੱਚ ਕੋਈ ਫ਼ਰਕ ਨਾ ਆਇਆ। ਉਨ੍ਹਾਂ ਦੇ ਇਸ ਸਹਿਜ ਸੁਭਾਅ ਨੇ ਹਜ਼ਾਰਾਂ ਸ਼ਹੀਦ ਪੈਦਾ ਕਰ ਦਿੱਤੇ। ਜਿਨ੍ਹਾਂ ਮਜ਼ਲੂਮਾਂ ਦੀ ਖ਼ਾਤਰ ਖੂਨ ਬਹਾਣੋ ਗੁਰੇਜ ਨਾ ਕੀਤਾ ਉਨ੍ਹਾਂ ਨੇ ਜ਼ਾਲਮ ਰਾਜ ਦੀਆਂ ਚਿਰ ਸਥਾਈ ਜੜ੍ਹਾਂ ਸਦਾ ਲਈ ਉਖੇੜ ਦਿੱਤੀਆਂ। ਡਾ. ਗੋਕਲ ਚੰਦ ਨਾਰੰਗ ਅਨੁਸਾਰ, 'ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿੱਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।'

ਅੱਜ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕਾਂ ਵਿੱਚ ਜੋਸ਼ ਦੀ ਕਮੀ ਨਹੀਂ ਹੈ ਨਾ ਹੀ ਇਹ ਜਜ਼ਬਾ ਠੰਡਾ ਪੈ ਸਕਦਾ ਹੈ ਕਿਉਂਕਿ ਜਿਗਰ ਦੇ ਖੂਨ ਨਾਲ ਜਲਾਈ ਮਸ਼ਾਲ ਦੀ ਪਰਉਪਕਾਰੀ ਲੌ ਕਦੇ ਮੱਧਮ ਨਹੀਂ ਪੈ ਸਕਦੀ। ਉਨ੍ਹਾਂ ਦੇ ਅਮਿਟ ਪ੍ਰਭਾਵ ਬਾਰੇ 'ਬਰਕ ਸਾਹਿਬ' ਨੇ ਬਹੁਤ ਸੁੰਦਰ ਲਿਖਿਆ ਹੈ :

*ਗੁਰੂ ਗੋਬਿੰਦ ਸਿੰਘ ਨੇ ਰੂਹ ਵੋਹ ਸੰਗਤ ਮੇਂ ਫੂਕੀ ਥੀ,*
*ਕਲੇਜਾ ਹਾਥ ਭਰ ਕਾ ਅਬ ਭੀ ਹੈ ਹਰ ਸਿਖ ਸਿਪਾਹੀ ਕਾ।*

ਅਦੁਤੀ ਵਿਦਵਾਨ ਤੇ ਵਿਦਵਾਨਾਂ ਦੇ ਕਦਰਦਾਨ ਨੀਚੋ ਊਚ ਕਰਨ ਵਾਲੇ ਸ਼ੁਭ ਕਰਮਨ ਤੇ ਕਬਹੂੰ ਨ ਟਰੋ ਵਾਲੇ ਗੁਰੂ ਜੀ ਦਾ ਸਾਰਾ ਜੀਵਨ ਹੀ ਮਹਾਨ ਬਚਿਤਰ ਨਾਟਕ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਦਰਸ਼ਨ ਅੱਜ ਵੀ ਭਾਈਚਾਰਕ ਏਕਤਾ, ਮਨੁੱਖੀ ਅਖੰਡਤਾ ਦਾ ਹਾਮੀ ਹੈ। ਧੁਰ ਦਰਗਾਹੋਂ ਅਕਾਲ ਪੁਰਖ ਦੇ ਨਿਵਾਜੇ ਹੋਏ 'ਸੁਤ' ਸਤਿਗੁਰੂ ਜੀ ਪੁਰਖ ਦਾ ਦਾਸਾ ਬਣ ਕੇ ਇਸ ਸੰਸਾਰ ਵਿੱਚ ਵਿਚਰੇ ਆਣੀ ਜੀਵਨ ਯਾਤਰਾ ਦੌਰਾਨ ਅਨੇਕਾਂ ਕਾਰਜ ਕੀਤੇ ਤੇ ਜਗਤ ਤਮਾਸ਼ਾ ਦੇਖ ਕੇ 1708 ਈ: ਵਿੱਚ ਸੰਸਾਰ ਤੋਂ ਵਿਦਿਆ ਹੋਏ। ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਮਾਨਵਤਾ ਵਾਸਤੇ ਚਾਨਣ-ਮੁਨਾਰਾ ਹੈ, ਜਿਸ ਤੋਂ ਮਨੁੱਖ ਪ੍ਰੇਰਣਾ ਲੈ ਕੇ ਉਤਸ਼ਾਹ, ਉਮਾਹ, ਹਿੰਮਤ ਪ੍ਰਾਪਤ ਕਰ ਮਾਨਵ ਜੀਵਨ ਦੀਆਂ ਬੁਲੰਦੀਆਂ ਨੂੰ ਛੂਹ ਸਕਦਾ ਹੈ।

ਅਸੀਂ ਦੁਨੀਆਂ ਦੇ ਭਾਈਚਾਰੇ ਵਿੱਚ ਸਰਬ ਸਾਂਝੀਵਾਲਤਾ ਦੇ ਪੈਗਾਮ ਨੂੰ ਤਦ ਹੀ ਲੈ ਸਕਾਂਗੇ ਜੇਕਰ ਅਸੀਂ ਦੁਨੀਆਂ ਦੇ ਹਰ ਖੇਤਰ ਵਿੱਚ ਗੁਰੂ ਗੋਬਿੰਦ ਸਿੰਘ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਕਥਨੀ ਤੇ ਕਰਨੀ ਦੇ ਸੂਰੇ ਬਣਾਂਗੇ। ਗੁਰੂ ਜੀ ਦੇ ਆਗਮਨ ਪੁਰਬ ਤੇ ਸੱਚੀ ਸ਼ਰਧਾਂਜਲੀ ਹੋਵੇਗੀ ਜੇ ਅਸੀਂ ਜਾਤਾਂ ਪਾਤਾਂ ਤੋਂ ਉਪਰ ਉੱਠ ਕੇ ਮਾਨਵਤਾ ਦੀ ਸੇਵਾ ਕਰੀਏ ਤੇ ਧਰਮ ਲਈ ਹਰ ਕੁਰਬਾਨੀ ਦੇਣੋ ਗੁਰੇਜ ਨਾ ਕਰੀਏ। ਗੁਰਦੇਵ ਪਿਤਾ ਦੇ ਆਗਮਨ ਦਿਹਾੜੇ 'ਤੇ ਸਾਨੂੰ ਸਭ ਨੂੰ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਗੁਰੂ ਕਿਰਪਾ ਕਰਨ, ਅਸੀਂ ਸਾਰੇ ਨਿਸ਼ਾਨ-ਏ-ਸਿੱਖੀ ਦੇ ਧਾਰਨੀ ਹੋ ਕੇ ਗੁਰਸਿੱਖੀ ਜੀਵਨ ਬਸਰ ਕਰਦੇ ਹੋਏ ਤੇ ਉਨ੍ਹਾਂ ਦੇ ਸਰਬ ਸਾਂਝੇ ਉਪਦੇਸ਼ਾਂ ਨੂੰ ਸਾਰੀ ਮਨੁੱਖਤਾ ਤੱਕ ਪਹੁੰਚਾਉਣ ਦਾ ਯਤਨ ਕਰ ਸਕੀਏ। ✤✤✤

## ਨਵਾਂ ਸਾਲ ਮੁਬਾਰਕ



ਯਾਦਾਂ ਖੱਟੀਆਂ ਮਿੱਠੀਆਂ ਕਈ ਛੱਡ ਕੇ,
ਸਾਲ 'ਵੀਹ ਸੌ ਪੰਜ' ਵਿਦਾ ਹੋਇਆ।
ਕਈ ਨਵੀਆਂ ਕਰੂੰਬਲਾਂ ਫੁੱਟ ਪਈਆਂ,
ਪੱਤੇ ਝਾੜ ਕੇ ਕਈ ਇਹ ਹਵਾ ਹੋਇਆ।
ਮਨਫ਼ੀ ਹੋ ਗਏ ਸਾਲ ਜੋ ਜ਼ਿੰਦਗੀ 'ਚੋਂ
ਸਾਲ ਉਨ੍ਹਾਂ ਵਿੱਚ ਹੋਰ ਇਕ ਜਮਾ ਹੋਇਆ।
ਕਈ ਨਵੀਆਂ ਚੁਣੌਤੀਆਂ ਨਾਲ ਲੈ ਕੇ,
ਨਵਾਂ ਸਾਲ ਬਰੂਹਾਂ ਤੇ ਖੜ੍ਹਾ ਹੋਇਆ।
ਖ਼ੁਸ਼ੀਆਂ, ਖੇੜੇ, ਬਹਾਰਾਂ ਦੀ ਹੋਏ ਆਮਦ,
ਖਿਜ਼ਾਂ ਝਾਕੇ ਨਾ ਕਦੇ ਗੁਲਜ਼ਾਰ ਅੰਦਰ।
ਨਵੇਂ ਸਾਲ ਵਿੱਚ 'ਨੂਰ' ਇਹ ਦੁਆ ਕਰੀਏ,
ਸੁੱਖ-ਸ਼ਾਂਤੀ ਰਹੇ ਸੰਸਾਰ ਅੰਦਰ।

**ਇੰਜ. ਕਰਮਜੀਤ ਸਿੰਘ 'ਨੂਰ'**

| | |
|---|---|
| **ਜੋ ਕਹਿਆ ਕਰਤਾਰ ਕਿਉ ਬਿਰਥਾ ਜਾਵਏ।<br>ਜੋ ਮੰਨੈ ਸੋ ਪ੍ਰਵਾਨ ਇਉਂ ਹੀ ਭਾਵਏ।** | ਕਰਤਾਰ ਨੇ ਜੋ ਕੁਝ ਕਿਹਾ ਹੈ, ਉਹ ਵਿਅਰਥ ਕਿਵੇਂ ਜਾ ਸਕਦਾ ਹੈ। ਜਿਹੜਾ ਉਸ ਦੀ ਆਗਿਆ ਨੂੰ ਮੰਨ ਲਵੇ, ਉਹ ਪ੍ਰਵਾਨ ਹੁੰਦਾ ਹੈ, ਇਉਂ ਹੀ ਉਸ ਨੂੰ ਭਾਉਂਦਾ ਹੈ। |
| **ਸਿਰ ਸਾਹਾਂ ਦੇ ਸਾਹ ਹੁਕਮ ਮਨਾਵਏ।<br>ਮੰਨੇ ਸੋ ਜਿਹ ਜਾਇ ਪਦਵੀ ਪਾਵਏ।** | ਸ਼ਾਹਾਂ ਦੇ ਸਿਰ ਸ਼ਹਿਨਸ਼ਾਹ ਹੋ ਕੇ, ਹੁਕਮ ਦੀ ਪਾਲਣਾ ਕਰਾਵੇਗਾ। ਜਿਹੜਾ ਮੰਨੇਗਾ ਉਹ ਜਿੱਤ ਜਾਵੇਗਾ ਅਤੇ ਪਦਵੀ ਨੂੰ ਪ੍ਰਾਪਤ ਹੋ ਜਾਵੇਗਾ। |
| **ਜੀ ਗੋਬਿੰਦ ਸਿੰਘ ਧਿਆਇ ਤਾਂ ਬਣ ਆਵਏ।** | ਸ੍ਰੀ (ਗੁਰੂ) ਗੋਬਿੰਦ ਸਿੰਘ ਜੀ ਜੇ ਧਿਆ ਲਵੇ ਤਾਂ ਸੁਆਮੀ ਨਾਲ ਬਣ ਆਵੇਗੀ। |

***(ਸੈਨਾਪਤਿ)***